5

# ਪਵਿੱਤਰ ਆਤਮਾ ਕੌਣ ਹੈ?

ਸਵਾਲ ਇਹ ਨਹੀਂ ਕਿ ''ਪਵਿੱਤਰ ਆਤਮਾ ਕੀ ਹੈ?'' ਸਗੋਂ ਇਹ ਹੈ ਕਿ ''ਪਵਿੱਤਰ ਆਤਮਾ ਕੌਣ ਹੈ?'' ਇਹ ਸਵਾਲ ਇਸ ਲਈ ਹੈ ਕਿਉਂਕਿ ਪਵਿੱਤਰ ਆਤਮਾ ਇਕ ਪ੍ਰਾਣੀ, ਇਕ ਸ਼ਖ਼ਸੀਅਤ, ਖ਼ੁਦਾਈ ਦਾ ਤੀਜਾ ਸ਼ਖ਼ਸ ਹੈ। ਉਹ ਜ਼ੋਰ ਜਾਂ ਬਲ ਤੋਂ ਵੱਧ ਹੈ ਯਾਨੀ ਉਹ ਇਕ ਜ਼ਿੰਦਾ ਸਵਰਗੀ ਵਿਅਕਤੀ ਹੈ।

## ਉਹ ਇਕ ਵਿਅਕਤੀ ਵਾਂਗ ਹੈ

ਬਾਈਬਲ ਵਿਚ ਮੌਜੂਦ ਹਰ ਜਾਣਕਾਰੀ ਇਸ ਤੱਥ ਵੱਲ ਧਿਆਨ ਦੁਆਉਂਦੀ ਹੈ ਕਿ ਪਵਿੱਤਰ ਆਤਮਾ, ਖ਼ੁਦਾਈ ਵਿੱਚੋਂ ਇਕ ਰੱਬੀ ਵਿਅਕਤੀ ਹੈ। ਪਿਤਾ ਅਤੇ ਪੁੱਤਰ ਵਾਂਗ ਹੀ ਉਸ ਵਿਚ ਵੀ ਨਿੱਜੀ ਗੁਣ ਹਨ।

### ਉਸ ਵਿਚ ਇਕ ਵਿਅਕਤੀ ਵਾਲੇ ਗੁਣ ਹਨ

ਪਵਿੱਤਰ ਆਤਮਾ ਦੇ ਗੁਣਾਂ ਤੋਂ ਸੰਕੇਤ ਮਿਲਦਾ ਹੈ ਕਿ ਉਹ ਇਕ ਬਲ ਨਹੀਂ ਸਗੋਂ ਜੀਉਂਦਾ ਵਿਅਕਤੀ ਹੈ ਯਾਨੀ ਉਸਦੀ ਆਪਣੀ ਸ਼ਖ਼ਸੀਅਤ ਹੈ:

1. ਉਹ ਨਿਰਣਾ ਕਰਦਾ ਹੈ: ''ਕਿਉਂਕਿ ਪਵਿੱਤਰ ਆਤਮਾ ਨੇ ... ਚੰਗਾ ਜਾਣਿਆ'' (ਰਸੂਲਾਂ ਦੇ ਕੰਮ 15:28)।
2. ਉਸਨੂੰ ਸਮਝ ਹੈ: ''ਅਤੇ ਹਿਰਦਿਆਂ ਦਾ ਜਾਂਚਣ ਵਾਲਾ ਜਾਣਦਾ ਹੈ ਭਈ ਆਤਮਾ ਦੀ ਕੀ ਮਨਸ਼ਾ ਹੈ'' (ਰੋਮੀਆਂ 8:27)।
3. ਉਹ ਇੱਛਾ ਰੱਖਦਾ ਹੈ: ''ਪਰ ਉਹ ਇੱਕੋ ਆਤਮਾ ਇਹ ਸਭ ਕੁਝ ਕਰਦਾ ਹੈ ਅਤੇ ਉਹ ਜਿਸ ਤਰ੍ਹਾਂ ਚਾਹੁੰਦਾ ਹੈ ਹਰੇਕ ਨੂੰ ਇਕ ਇਕ ਕਰਕੇ ਵੰਡ ਦਿੰਦਾ ਹੈ'' (1 ਕੁਰਿੰਥੀਆਂ 12:11)।
4. ਉਸਨੂੰ ਗਿਆਨ ਹੈ: ''ਇਸੇ ਪ੍ਰਕਾਰ ਪ੍ਰਮੇਸ਼ਵਰ ਦੇ ਆਤਮਾ ਤੋਂ ਬਿਨਾਂ ਪ੍ਰਮੇਸ਼ਵਰ ਦੀਆਂ ਗੱਲਾਂ ਕੋਈ ਨਹੀਂ ਜਾਣਦਾ ਹੈ'' (1 ਕੁਰਿੰਥੀਆਂ 2:11)।
5. ਉਸ ਵਿਚ ਭਾਵਨਾਵਾਂ ਹਨ (ਪ੍ਰੇਮ, ਸੋਗ, ਅਨੰਦ): ''ਹੁਣ ਹੇ ਭਰਾਵੋ, ਸਾਡੇ ਪ੍ਰਭੂ ਯਿਸੂ ਮਸੀਹ ਦੇ ਨਮਿੱਤ ਅਰ ਆਤਮਾ ਦੇ ਪ੍ਰੇਮ ਦੇ ਨਮਿੱਤ ਮੈਂ ਤੁਹਾਡੀ ਮਿੰਨਤ ਕਰਦਾ ਹਾਂ ਜੋ ਤੁਸੀਂ ਪ੍ਰਮੇਸ਼ਵਰ ਦੇ ਅੱਗੇ ਮੇਰੇ ਲਈ ਪ੍ਰਾਰਥਨਾ ਕਰਨ ਵਿਚ ਮੇਰੇ ਨਾਲ ਯਤਨ ਕਰੋ'' (ਰੋਮੀਆਂ 15:30); ''ਅਤੇ ਪ੍ਰਮੇਸ਼ਵਰ ਦੇ ਪਵਿੱਤਰ ਆਤਮਾ ਨੂੰ ਜਿਹ ਦੇ ਨਾਲ ਨਿਸਤਾਰੇ ਦੇ ਦਿਨ ਤੀਕ

ਤੁਹਾਡੇ ਉੱਤੇ ਮੋਹਰ ਲੱਗੀ ਹੋਈ ਹੈ ਉਦਾਸ ਨਾ ਕਰੋ'' (ਅਫ਼ਸੀਆਂ 4:30); ''ਅਤੇ ਤੁਸੀਂ ਉਸ ਵਚਨ ਨੂੰ ਵੱਡੀ ਬਿਪਤਾ ਵਿਚ ਪਵਿੱਤਰ ਆਤਮਾ ਦੇ ਅਨੰਦ ਨਾਲ ਕਬੂਲ ਕਰ ਕੇ ਸਾਡੀ ਅਤੇ ਪ੍ਰਭੂ ਦੀ ਰੀਸ ਕਰਨ ਲੱਗ ਪਏ ਸਾਓ'' (1 ਥੱਸਲੁਨੀਕੀਆਂ 1:6)।

ਪਵਿੱਤਰ ਆਤਮਾ ਵਿਚ ਇਨ੍ਹਾਂ ਖਾਸੀਅਤਾਂ ਦਾ ਹੋਣਾ ਇਹ ਜ਼ਾਹਿਰ ਕਰਦਾ ਹੈ ਕਿ ਉਹ ਇਕ ਵਿਅਕਤੀ ਹੈ।

**ਉਹ ਇਕ ਵਿਅਕਤੀ ਵਾਂਗ ਕੰਮ ਕਰਦਾ ਹੈ**

ਪਵਿੱਤਰ ਆਤਮਾ ਇਕ ਬਲ ਨਹੀਂ ਹੈ, ਸਗੋਂ ਉਹ ਇਕ ਵਿਅਕਤੀ ਵਾਂਗ ਕੰਮ ਕਰਦਾ ਹੈ। ਉਹ ਹੇਠ ਲਿਖੇ ਕੰਮ ਕਰ ਸਕਦਾ ਹੈ:

1. *ਉਹ ਸਿਖਾ ਸਕਦਾ ਹੈ ਅਤੇ ਯਾਦ ਕਰਾ ਸਕਦਾ ਹੈ:* ''ਪਰ ਉਹ ਸਹਾਇਕ ਅਰਥਾਤ ਪਵਿੱਤਰ ਆਤਮਾ ਜਿਹ ਨੂੰ ਪਿਤਾ ਮੇਰੇ ਨਾਲ ਉੱਤੇ ਘੱਲੇਗਾ ਸੋ ਤੁਹਾਨੂੰ ਸੱਭੋ ਕੁਝ ਸਿਖਾਲੇਗਾ ਅਤੇ ਸੱਭੋ ਕੁਝ ਜੋ ਮੈਂ ਤੁਹਾਨੂੰ ਆਖਿਆ ਹੈ ਤੁਹਾਨੂੰ ਚੇਤੇ ਕਰਾਵੇਗਾ'' (ਯੂਹੰਨਾ 14:26)।
2. *ਉਹ ਗਵਾਹੀ ਦਿੰਦਾ ਹੈ:* ''ਪਰ ਜਾਂ ਉਹ ਸਹਾਇਕ ਆਵੇ ਜਿਹ ਨੂੰ ਮੈਂ ਤੁਹਾਡੇ ਕੋਲ ਪਿਤਾ ਦੀ ਵੱਲੋਂ ਘੱਲਾਂਗਾ ਅਰਥਾਤ ਸੱਚਿਆਈ ਦਾ ਆਤਮਾ ਜਿਹੜਾ ਪਿਤਾ ਵੱਲੋਂ ਨਿੱਕਲਦਾ ਹੈ ਤਾਂ ਉਹ ਮੇਰੇ ਹੱਕ ਵਿਚ ਸਾਖੀ ਦੇਵੇਗਾ'' (ਯੂਹੰਨਾ 15:26)।
3. *ਉਹ ਸੱਚਿਆਈ ਲਈ ਅਗਵਾਈ ਕਰਦਾ:* ''ਪਰ ਜਦ ਉਹ, ਅਰਥਾਤ ਸੱਚਿਆਈ ਦਾ ਆਤਮਾ ਆਵੇ ਤਦ ਉਹ ਸਾਰੀ ਸੱਚਿਆਈ ਵਿਚ ਤੁਹਾਡੀ ਅਗਵਾਈ ਕਰੇਗਾ'' (ਯੂਹੰਨਾ 16:13)।
4. *ਉਹ ਬੋਲਦਾ ਹੈ:* ''ਕਿਉਂ ਜੋ ਉਹ ਆਪਣੀ ਵੱਲੋਂ ਨਾ ਕਹੇਗਾ ਪਰ ਜੋ ਕੁਝ ਸੁਣੇਗਾ ਸੋਈ ਆਖੇਗਾ ਅਤੇ ਉਹ ਹੋਣ ਵਾਲੀਆਂ ਗੱਲਾਂ ਤੁਹਾਨੂੰ ਦੱਸੇਗਾ'' (ਯੂਹੰਨਾ 16:13; ਰਸੂਲਾਂ ਦੇ ਕੰਮ 8:29; 11:12; 1 ਤਿਮੋਥਿਉਸ 4:1 ਵੀ ਵੇਖੋ)।
5. *ਉਹ ਸੁਣਦਾ ਹੈ:* ''ਪਰ ਜੋ ਕੁਝ ਸੁਣੇਗਾ ਸੋਈ ਆਖੇਗਾ ਅਤੇ ਉਹ ਹੋਣ ਵਾਲੀਆਂ ਗੱਲਾਂ ਤੁਹਾਨੂੰ ਦੱਸੇਗਾ'' (ਯੂਹੰਨਾ 16:13)।
6. *ਭੇਤ ਜ਼ਾਹਿਰ ਕਰਦਾ ਹੈ:* ''ਅਤੇ ਉਹ ਹੋਣ ਵਾਲੀਆਂ ਗੱਲਾਂ ਤੁਹਾਨੂੰ ਦੱਸੇਗਾ'' (ਯੂਹੰਨਾ 16:13)।
7. *ਉਹ ਮਨ੍ਹਾ ਕਰਦਾ ਹੈ:* ''ਉਹ ਫ਼ਰੂਗੀਆ ਅਰ ਗਲਾਤੀਆ ਦੇ ਇਲਾਕੇ ਵਿਚ ਦੀ ਲੰਘ ਗਏ ਕਿਉਂ ਜੋ ਪਵਿੱਤਰ ਆਤਮਾ ਨੇ ਉਨ੍ਹਾਂ ਨੂੰ ਅਸਿਯਾ ਵਿਚ ਵਚਨ ਸੁਣਾਉਣ ਤੋਂ ਮਨ੍ਹਾ ਕੀਤਾ ਸੀ'' (ਰਸੂਲਾਂ ਦੇ ਕੰਮ 16:6)।
8. *ਉਹ ਜੀਵਨ ਦਿੰਦਾ ਹੈ:* ''ਜਿਹ ਨੇ ਮਸੀਹ ਯਿਸੂ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਉਹ ਆਪਣੇ ਆਤਮਾ ਦੇ ਵਸੀਲੇ ਨਾਲ ਜਿਹੜਾ ਤੁਹਾਡੇ ਵਿਚ ਵੱਸਦਾ ਹੈ ਤੁਹਾਡੀਆਂ ਮਰਨਹਾਰ ਦੇਹੀਆਂ ਨੂੰ ਵੀ ਜਿਵਾਏਗਾ'' (ਰੋਮੀਆਂ 8:11)।
9. *ਉਹ ਪ੍ਰਗਟ ਕਰਦਾ ਹੈ:* ''ਉਨ੍ਹਾਂ ਨੂੰ ਪ੍ਰਮੇਸ਼ਵਰ ਨੇ ਆਤਮਾ ਦੇ ਦੁਆਰਾ ਸਾਡੇ ਉੱਤੇ ਪ੍ਰਗਟ ਕੀਤਾ'' (1 ਕੁਰਿੰਥੀਆਂ 2:10; ਅਫ਼ਸੀਆਂ 3:3-5 ਵੀ ਵੇਖੋ)।
10. *ਉਹ ਜਾਂਚਦਾ ਹੈ:* ''ਕਿਉਂ ਜੋ ਆਤਮਾ ਸਾਰੀਆਂ ਵਸਤਾਂ ਦੀ ਸਗੋਂ ਪ੍ਰਮੇਸ਼ਵਰ ਦੀਆਂ ਡੂੰਘੀਆਂ ਵਸਤਾਂ ਦੀ ਜਾਂਚ ਕਰ ਲੈਂਦਾ ਹੈ'' (1 ਕੁਰਿੰਥੀਆਂ 2:10)।
11. *ਉਹ ਵਾਅਦਾ ਕਰਦਾ ਹੈ:* ''ਭਈ ਅਬਰਾਹਾਮ ਦੀ ਬਰਕਤ, ਮਸੀਹ ਯਿਸੂ ਵਿਚ

ਪਰਾਈਆਂ ਕੌਮਾਂ ਉੱਤੇ ਹੋਵੇ ਤਾਂ ਜੋ ਅਸੀਂ ਉਸ ਆਤਮਾ ਦੇ ਵਚਨ ਨੂੰ ਨਿਹਚਾ ਦੇ ਰਾਹੀਂ ਪ੍ਰਾਪਤ ਕਰੀਏ'' (ਗਲਾਤੀਆਂ 3:14; ਰਸੂਲਾਂ ਦੇ ਕੰਮ 2:33 ਵੀ ਦੇਖੋ)।

12. *ਉਹ ਸੰਗਤੀ ਕਰਦਾ ਹੈ:* ''ਪ੍ਰਭੂ ਯਿਸੂ ਮਸੀਹ ਦੀ ਕਿਰਪਾ, ਪ੍ਰਮੇਸ਼ਵਰ ਦਾ ਪ੍ਰੇਮ ਅਤੇ ਪਵਿੱਤਰ ਆਤਮਾ ਦੀ ਸੰਗਤ ਤੁਸਾਂ ਸਭਨਾਂ ਦੇ ਨਾਲ ਹੋਵੇ'' (2 ਕੁਰਿੰਥੀਆਂ 13:14; ਫ਼ਿਲਿੱਪੀਆਂ 2:1 ਵੀ ਵੇਖੋ)।

13. *ਉਹ ਸਿਫ਼ਾਰਸ਼ ਕਰਦਾ ਹੈ:* ''... ਪਰ ਆਤਮਾ ਆਪ ਅਕੱਥ ਹੌਕੇ ਭਰ ਕੇ ਸਾਡੇ ਲਈ ਸਿਫ਼ਾਰਸ਼ ਕਰਦਾ ਹੈ; ... ਉਹ ਪ੍ਰਮੇਸ਼ਵਰ ਦੀ ਇੱਛਿਆ ਦੇ ਅਨੁਸਾਰ ਸੰਤਾਂ ਦੇ ਲਈ ਸਿਫ਼ਾਰਸ਼ ਕਰਦਾ ਹੈ'' (ਰੋਮੀਆਂ 8:26, 27)।

14. *ਉਹ ਇਸ਼ਾਰਾ ਕਰਦਾ ਅਤੇ ਹੋਣ ਵਾਲੀਆਂ ਗੱਲਾਂ ਪਹਿਲਾਂ ਹੀ ਦੱਸ ਦਿੰਦਾ ਹੈ* ''ਅਤੇ ਉਹ ਇਹ ਖੋਜ ਵਿਚਾਰ ਕਰਦੇ ਸਨ ਭਈ ਮਸੀਹ ਦਾ ਆਤਮਾ ਜਿਹੜਾ ਉਨ੍ਹਾਂ ਵਿਚ ਸੀ ਜਦ ਮਸੀਹ ਦੇ ਦੁੱਖਾਂ ਦੇ ਅਤੇ ਉਨ੍ਹਾਂ ਦੇ ਪਿੱਛੋਂ ਦੀ ਮਹਿਮਾ ਦੇ ਵਿਖੇ ਅੱਗੋਂ ਹੀ ਸਾਖੀ ਦਿੰਦਾ ਸੀ ਤਦ ਉਹ ਕਿਹੜੇ ਅਥਵਾ ਕਿਹੋ ਜਿਹੇ ਸਮੇਂ ਦਾ ਪਤਾ ਦਿੰਦਾ ਸੀ'' (1 ਪਤਰਸ 1:11)।

15. *ਉਹ ਸੱਦਾ ਦਿੰਦਾ ਹੈ:* ''ਆਤਮਾ ਅਤੇ ਲਾੜੀ ਆਖਦੀ ਹੈ, ਆਓ!'' (ਪ੍ਰਕਾਸ਼ ਦੀ ਪੋਥੀ 22:17)।

16. *ਉਹ ਅਗਵਾਈ ਕਰਦਾ ਹੈ:* ''ਤਾਂ ਯਿਸੂ ਪਵਿੱਤਰ ਆਤਮਾ ਨਾਲ ਭਰਪੂਰ ਹੋ ਕੇ ਯਰਦਨ ਤੋਂ ਮੁੜਿਆ ਅਰ ਆਤਮਾ ਦੀ ਅਗਵਾਈ ਨਾਲ'' ਉਜਾੜ ਵਿਚ ਫਿਰਦਾ ਰਿਹਾ (ਲੂਕਾ 4:1, 2); ''ਜਿੰਨੇ ਪ੍ਰਮੇਸ਼ਵਰ ਦੇ ਆਤਮਾ ਦੀ ਅਗਵਾਈ ਨਾਲ ਚੱਲਦੇ ਹਨ ਓਹੀ ਪ੍ਰਮੇਸ਼ਵਰ ਦੇ ਪੁੱਤਰ ਹਨ'' (ਰੋਮੀਆਂ 8:14)।

ਇਕ ਵਿਅਕਤੀ ਇਹ ਸਾਰੇ ਕੰਮ ਕਰ ਸਕਦਾ ਹੈ, ਜੋ ਕਿ ਜ਼ੋਰ ਜਾਂ ਬਲ ਦੇ ਵੱਸ ਦੀ ਗੱਲ ਨਹੀਂ। ਇਸ ਕਰਕੇ ਪਵਿੱਤਰ ਆਤਮਾ ਨੂੰ ਇਕ ਵਿਅਕਤੀ ਦੇ ਰੂਪ ਵਿਚ ਵੇਖਿਆ ਜਾਣਾ ਚਾਹੀਦਾ ਹੈ।

**ਉਸ ਨਾਲ ਭੈੜਾ ਸਲੂਕ ਹੋ ਸਕਦਾ ਹੈ**

ਪਵਿੱਤਰ ਆਤਮਾ ਦੀ ਬੇਇੱਜ਼ਤੀ ਅਤੇ ਉਹਨੂੰ ਠੇਸ ਪੁਹੰਚਾਉਣ ਲਈ ਵਰਤੇ ਸ਼ਬਦ ਕਿਸੇ ਬੇਜਾਨ ਸ਼ਕਤੀ ਜਾਂ ਬਲ ਦੇ ਖ਼ਿਲਾਫ਼ ਕੀਤੀ ਜਾਣ ਵਾਲੀ ਬੁਰਾਈ ਲਈ ਨਹੀਂ ਸਗੋਂ ਆਮ ਤੌਰ ਤੇ ਇਨ੍ਹਾਂ ਨੂੰ ਕਿਸੇ ਵਿਅਕਤੀ ਨਾਲ ਕੀਤੇ ਮਾੜੇ ਸਲੂਕ ਵਾਂਗ ਮੰਨਿਆ ਜਾਂਦਾ ਹੈ। ਉਹਦੇ ਨਾਲ ਇਸ ਤਰ੍ਹਾਂ ਮਾੜਾ ਸਲੂਕ ਹੋ ਸਕਦਾ ਹੈ:

1. *ਉਹਦੇ ਖ਼ਿਲਾਫ਼ ਬੋਲਿਆ ਜਾ ਸਕਦਾ ਹੈ:* ''... ਪਰ ਉਹ ਕੁਫ਼ਰ ਜਿਹੜਾ ਆਤਮਾ ਦੇ ਵਿਰੁੱਧ ਹੋਵੇ ਮਾਫ਼ ਨਹੀਂ ਕੀਤਾ ਜਾਵੇਗਾ। ... ਜੋ ਕੋਈ ਪਵਿੱਤਰ ਆਤਮਾ ਦੇ ਵਿਰੁੱਧ ਗੱਲ ਕਰੇ ਇਹ ਉਸ ਨੂੰ ਨਾ ਇਸ ਯੁੱਗ ਵਿਚ ਨਾ ਆਉਣ ਵਾਲੇ ਯੁੱਗ ਵਿਚ ਮਾਫ਼ ਕੀਤਾ ਜਾਵੇਗਾ'' (ਮੱਤੀ 12:31, 32)।

2. *ਉਹਦੇ ਨਾਲ ਝੂਠ ਬੋਲਿਆ ਜਾ ਸਕਦਾ ਹੈ:* ''ਤਦ ਪਤਰਸ ਨੇ ਆਖਿਆ, ਹਨਾਨਿਆ ਸ਼ੈਤਾਨ ਤੇਰੇ ਮਨ ਵਿਚ ਕਿਉਂ ਸਮਾਇਆ ਜੋ ਤੂੰ ਪਵਿੱਤਰ ਆਤਮਾ ਨਾਲ ਝੂਠ ਬੋਲੇਂ ...?'' (ਰਸੂਲਾਂ ਦੇ ਕੰਮ 5:3)।

3. *ਉਹਦਾ ਸਾਹਮਣਾ ਹੋ ਸਕਦਾ ਹੈ:* ''ਹੇ ਹਠੀ ਅਤੇ ਮਨ ਅਰ ਕੰਨ ਦੇ ਬੇਸੁੰਨਤੀ ਲੋਕੋ, ਤੁਸੀਂ ਸਦਾ ਪਵਿੱਤਰ ਆਤਮਾ ਦਾ ਸਾਹਮਣਾ ਕਰਦੇ ਹੋ'' (ਰਸੂਲਾਂ ਦੇ ਕੰਮ 7:51)।

4. *ਉਹ ਉਦਾਸ ਹੋ ਸਕਦਾ ਹੈ:* ''ਅਤੇ ਪ੍ਰਮੇਸ਼ਵਰ ਦੇ ਪਵਿੱਤਰ ਆਤਮਾ ਨੂੰ ਜਿਹ ਦੇ ਨਾਲ ਨਿਸਤਾਰੇ ਦੇ ਦਿਨ ਤੀਕ ਤੁਹਾਡੇ ਉੱਤੇ ਮੋਹਰ ਲੱਗੀ ਹੋਈ ਹੈ ਉਦਾਸ ਨਾ ਕਰੋ'' (ਅਫ਼ਸੀਆਂ 4:30)।

5. *ਉਹਦੀ ਬੇਇੱਜ਼ਤੀ ਹੋ ਸਕਦੀ ਹੈ ਜਾਂ ਉਹਨੂੰ ਤੁੱਛ ਜਾਣਿਆ ਜਾ ਸਕਦਾ ਹੈ:* ''... ਅਤੇ ਕਿਰਪਾ ਦੇ ਆਤਮਾ ਦਾ ਅਪਜਸ ਕੀਤਾ'' (ਇਬਰਾਨੀਆਂ 10:29)।

6. *ਉਹਨੂੰ ਬੁਝਾਇਆ ਜਾ ਸਕਦਾ ਹੈ:* ''ਆਤਮਾ ਨੂੰ ਨਾ ਬੁਝਾਓ'' (1 ਥੱਸਲੁਨੀਕੀਆਂ 5:19)।

ਇਨ੍ਹਾਂ ਵਾਕਾਂ ਤੋਂ ਜਿਨ੍ਹਾਂ ਵਿਚ ਦੱਸਿਆ ਗਿਆ ਹੈ ਕਿ ਪਵਿੱਤਰ ਆਤਮਾ ਨਾਲ ਭੈੜਾ ਸਲੂਕ ਹੋ ਸਕਦਾ ਹੈ, ਸੰਕੇਤ ਮਿਲਦਾ ਹੈ ਕਿ ਉਹ ਇਕ ਵਿਅਕਤੀ ਹੈ। ਆਮ ਤੌਰ ਤੇ ਸ਼ਾਇਰੀ ਜਾਂ ਪ੍ਰਤੀਕਾਤਮਕ ਸੰਦਰਭ ਦੇ ਇਲਾਵਾ ਸ਼ਕਤੀਆਂ ਜਾਂ ਪ੍ਰਭਾਵਾਂ ਨਾਲ ਹੋਏ ਮਾੜੇ ਸਲੂਕ ਦਾ ਵਰਣਨ ਇਸ ਤਰ੍ਹਾਂ ਨਹੀਂ ਕੀਤਾ ਜਾਂਦਾ। ਇਨ੍ਹਾਂ ਆਇਤਾਂ ਦੇ ਸੰਦਰਭ ਤੋਂ ਇਹ ਨਹੀਂ ਲਗਦਾ ਕਿ ਇਨ੍ਹਾਂ ਦੀ ਭਾਸ਼ਾ ਪ੍ਰਤੀਕਾਤਮਕ ਹੈ।

### ਉਹਦਾ ਆਪਣਾ ਵਜੂਦ ਹੈ

ਇਕ ਹੋਰ ਸੰਕੇਤ, ਕਿ ਪਵਿੱਤਰ ਆਤਮਾ ਇਕ ਵਿਅਕਤੀ ਹੈ, ਇਹ ਹੈ ਕਿ ਉਹਦਾ ਜ਼ਿਕਰ ਨਾ ਸਿਰਫ਼ ਪਿਤਾ ਅਤੇ ਪੁੱਤਰ ਨਾਲ ਉਨ੍ਹਾਂ ਦੇ ਸੁਭਾਅ ਅਤੇ ਚਰਿੱਤਰ ਨਾਲ ਹੀ ਕੀਤਾ ਗਿਆ ਸਗੋਂ ਉਸ ਦਾ ਆਪਣਾ ਵੀ ਵਿਲੱਖਣ ਅਤੇ ਅਲਹਿਦਾ ਵਜੂਦ ਹੈ।

ਉਹਦਾ ਜ਼ਿਕਰ ਯਿਸੂ ਦੇ ਬਪਤਿਸਮਾ ਲੈਣ ਸਮੇਂ ਉਸ ਉੱਤੇ ਉੱਤਰਦੇ ਹੋਏ ਕੀਤਾ ਗਿਆ ਹੈ (ਯੂਹੰਨਾ 1:33)। ਪੁੱਤਰ ਜਦ ਬਪਤਿਸਮਾ ਲੈ ਕੇ ਪਾਣੀ ਵਿੱਚੋਂ ਬਾਹਰ ਆ ਰਿਹਾ ਸੀ, ਤਾਂ ਆਤਮਾ ਉਸ ਉੱਤੇ ਉੱਤਰਿਆ ਅਤੇ ਪਿਤਾ ਅਸਮਾਨ ਤੋਂ ਬੋਲਿਆ ਸੀ (ਮੱਤੀ 3:16, 17; ਲੂਕਾ 3:21, 22)। ਪਿਤਾ ਉੱਪਰ ਸੀ, ਪੁੱਤਰ ਧਰਤੀ ਤੇ ਸੀ ਅਤੇ ਆਤਮਾ ਯਿਸੂ ਦੇ ਨਾਲ ਰਹਿਣ ਲਈ ਆਇਆ।

ਕੋਈ ਯਿਸੂ ਦਾ ਵਿਰੋਧ ਕਰੇ ਤਾਂ ਉਹਨੂੰ ਮਾਫ਼ੀ ਮਿਲ ਸਕਦੀ ਹੈ-ਪਰ ਜੇ ਉਹ ਪਵਿੱਤਰ ਆਤਮਾ ਦੇ ਖਿਲਾਫ਼ ਬੋਲਦਾ ਹੈ, ਤਾਂ ਉਸਦੀ ਮਾਫ਼ੀ ਨਹੀਂ ਹੋ ਸਕਦੀ (ਮੱਤੀ 12:32)। ਜੇ ਉਹ ਦੋਵੇਂ ਇੱਕੋ ਵਿਅਕਤੀ ਹਨ ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਕੋਈ ਯਿਸੂ ਦੇ ਖਿਲਾਫ਼ ਤਾਂ ਬੋਲੇ ਪਰ ਪਵਿੱਤਰ ਆਤਮਾ ਦੇ ਨਹੀਂ? ਇਹ ਸਿੱਖਿਆ ਦਿੰਦਿਆਂ, ਯਿਸੂ ਨੇ ਉਨ੍ਹਾਂ ਦੇ ਨਿਖੇੜ ਨੂੰ ਧਿਆਨ ਵਿਚ ਰੱਖਿਆ ਹੋਵੇਗਾ।

ਲੂਕਾ 4:1 ਆਖਦਾ ਹੈ ਕਿ ਯਿਸੂ ਪਵਿੱਤਰ ਆਤਮਾ ਨਾਲ ਭਰਿਆ ਹੋਇਆ ਸੀ, ਬਿਲਕੁਲ ਓਸੇ ਤਰ੍ਹਾਂ ਜਿਵੇਂ ਦੂਜਿਆਂ ਜੀਆਂ ਦੇ ਬਾਰੇ ਕਿਹਾ ਗਿਆ ਹੈ ਕਿ ਉਹ ਪਵਿੱਤਰ ਆਤਮਾ ਨਾਲ ਭਰੇ ਹੋਏ ਸਨ (ਰਸੂਲਾਂ ਦੇ ਕੰਮ 6:3, 5; 7:55; 11:24)। ਯਕੀਨਨ ਹੀ, ਹਰ ਕੋਈ ਸਹਿਮਤ ਹੋਵੇਗਾ ਕਿ ਰਸੂਲਾਂ ਦੇ ਕੰਮ ਕਿਤਾਬ ਵਿਚਲੇ ਪਵਿੱਤਰ ਆਤਮਾ ਨਾਲ ਭਰਪੂਰ ਲੋਕ ਪਵਿੱਤਰ ਆਤਮਾ ਨਹੀਂ ਸਨ। ਯਿਸੂ ਅਤੇ ਪਵਿੱਤਰ ਆਤਮਾ ਨੂੰ ਵੀ ਵੱਖ-ਵੱਖ ਜਾਣਨਾ ਚਾਹੀਦਾ ਹੈ।

ਯੂਹੰਨਾ ਨੇ ਲਿਖਿਆ ਹੈ ਕਿ ਪਵਿੱਤਰ ਆਤਮਾ ਅਜੇ ਦਿੱਤਾ ਨਹੀਂ ਗਿਆ ਸੀ (ਯੂਹੰਨਾ 7:39), ਕਿਉਂਕਿ ਯਿਸੂ ਦਾ ਤੇਜ ਅਜੇ ਜ਼ਾਹਰ ਨਹੀਂ ਹੋਇਆ ਸੀ। ਇਹ ਗੱਲ ਉਦੋਂ ਕਹੀ ਗਈ ਸੀ ਜਦ ਯਿਸੂ ਰਸੂਲਾਂ ਨਾਲ ਧਰਤੀ ਤੇ ਹੀ ਸੀ। ਜੇ ਪਵਿੱਤਰ ਆਤਮਾ ਅਜੇ ਦਿੱਤਾ ਨਹੀਂ

ਗਿਆ ਸੀ ਤਾਂ ਪਵਿੱਤਰ ਆਤਮਾ ਜ਼ਰੂਰ ਹੀ ਯਿਸੂ ਨਾਲੋਂ ਵੱਖਰਾ ਕੋਈ ਹੋਰ ਹੈ।

ਯੂਹੰਨਾ 14:26 ਵਿਚ ਯਿਸੂ ਨੇ ਕਿਹਾ ਸੀ ਕਿ ਉਹ ਆਪਣੇ ਰਸੂਲਾਂ ਲਈ ''ਦੂਜਾ ਸਹਾਇਕ'' ਭੇਜੇਗਾ, ਜੋ ਕਿ (ਯੂਹੰਨਾ 14:16 ਦੇ ਅਨੁਸਾਰ) ਪਵਿੱਤਰ ਆਤਮਾ ਹੀ ਹੋਣਾ ਸੀ। ਜੇ ਯਿਸੂ ਆਪ ਹੀ ਸਹਾਇਕ ਸੀ ਤਾਂ ਉਹ ''ਦੂਜਾ'' ਕਿਵੇਂ ਭੇਜ ਸਕਦਾ ਸੀ? ਇਸੇ ਤਰ੍ਹਾਂ, ਜੇ ਯਿਸੂ ਅਤੇ ਆਤਮਾ ਦੋਵੇਂ ਇੱਕੋ ਹਨ ਤਾਂ ਉਹ ''ਦੂਜਾ'' ਕਿਵੇਂ ਹੋ ਸਕਦਾ ਸੀ?

ਯਿਸੂ ਨੇ ਕਿਹਾ ਕਿ ਉਹ ਜਾ ਕੇ ਹੀ ਆਤਮਾ ਭੇਜੇਗਾ (ਯੂਹੰਨਾ 16:7)। ਉਸ ਨੇ ਇਹ ਵੀ ਕਿਹਾ ਕਿ ਆਤਮਾ ਨੇ ਆਪਣੇ ਵੱਲੋਂ ਨਹੀਂ ਸਗੋਂ ਉਹੀ ਬੋਲਣਾ ਸੀ ਜੋ ਉਸ ਨੇ ਯਿਸੂ ਕੋਲੋਂ ਸੁਣਨਾ ਸੀ (ਯੂਹੰਨਾ 16:13)। ਯਿਸੂ ਅਤੇ ਪਵਿੱਤਰ ਆਤਮਾ ਬਾਰੇ ਦਿੱਤੀ ਗਈ ਨਵੇਂ ਨੇਮ ਦੀ ਜਾਣਕਾਰੀ ਤੋਂ ਸੰਕੇਤ ਮਿਲਦਾ ਹੈ ਕਿ ਉਹ ਦੋਵੇਂ ਸੁਤੰਤਰ, ਵੱਖੋ-ਵੱਖ ਸਵਰਗੀ ਵਿਅਕਤੀ ਹਨ।

## ਉਹ ਪ੍ਰਮੇਸ਼ਵਰ ਹੈ

ਪਵਿੱਤਰ ਆਤਮਾ ਦਾ ਜ਼ਿਕਰ ਪਿਤਾ ਅਤੇ ਪੁੱਤਰ ਦੇ ਨਾਲ ਹੀ, ਉਨ੍ਹਾਂ ਦੇ ਬਰਾਬਰ ਕੀਤਾ ਗਿਆ ਹੈ। ਲੋਕਾਂ ਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿਚ ਬਪਤਿਸਮਾ ਲੈਣ ਲਈ ਕਿਹਾ ਜਾਂਦਾ ਹੈ (ਮੱਤੀ 28:19)। 2 ਕੁਰਿੰਥੀਆਂ 13:14 ਵਿਚ ਪੌਲੁਸ ਨੇ ਇਨ੍ਹਾਂ ਤਿੰਨਾਂ ਦਾ ਇੱਕੋ ਰੁਤਬਾ ਦੱਸਦਿਆਂ ਲਿਖਿਆ ਹੈ: ''ਪ੍ਰਭੂ ਯਿਸੂ ਮਸੀਹ ਦੀ ਕਿਰਪਾ, ਪ੍ਰਮੇਸ਼ਵਰ ਦਾ ਪ੍ਰੇਮ ਅਤੇ ਪਵਿੱਤਰ ਆਤਮਾ ਦੀ ਸੰਗਤ ਤੁਸਾਂ ਸਭਨਾਂ ਦੇ ਨਾਲ ਹੋਵੇ।'' ਆਤਮਿਕ ਦਾਨ ਜਿਨ੍ਹਾਂ ਦੇ ਆਤਮਾ ਦੀ ਇੱਛਾ ਨਾਲ ਦੇਣ ਦੀ ਗੱਲ ਕਹੀ ਗਈ ਹੈ (1 ਕੁਰਿੰਥੀਆਂ 12:4-6), ਆਤਮਾ, ਪ੍ਰਮੇਸ਼ਵਰ (''ਪਿਤਾ''; 1 ਕੁਰਿੰਥੀਆਂ 8:6), ਅਤੇ ਪ੍ਰਭੂ (''ਯਿਸੂ''; 1 ਕੁਰਿੰਥੀਆਂ 8:6) ਹੀ ਦਿੰਦੇ ਹਨ (1 ਕੁਰਿੰਥੀਆਂ 12:11)।

ਨਵੇਂ ਨੇਮ ਦੀ ਸਾਖੀ ਤੋਂ ਸਾਫ਼ ਅਤੇ ਜ਼ਬਰਦਸਤ ਢੰਗ ਨਾਲ ਪਤਾ ਲਗਦਾ ਹੈ ਕਿ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਇੱਕੋ ਸੁਭਾਅ ਵਾਲੇ, ਵੱਖੋ-ਵੱਖ ਸਵਰਗੀ ਵਿਅਕਤੀ ਹਨ। ਉਹ ਇਕ ਦੂਜੇ ਨਾਲ ਆਪਣੇ ਸਬੰਧ ਵਿਚ ਅਤੇ ਮਨੁੱਖ ਦੀ ਸੇਵਾ ਵਿਚ ਮਿਲ ਕੇ ਇਕ ਹਨ।

ਜੋ ਖ਼ਾਸੀਅਤਾਂ ਸਿਰਫ਼ ਪ੍ਰਮੇਸ਼ਵਰ ਦੀਆਂ ਹਨ ਉਹ ਪਵਿੱਤਰ ਆਤਮਾ ਵਿਚ ਵੀ ਹਨ। ਉਨ੍ਹਾਂ ਪੰਜ ਖ਼ਾਸ ਗੁਣਾਂ ਵੱਲ ਧਿਆਨ ਦਿਓ ਜੋ ਪਿਤਾ ਵਿਚ ਵੀ ਹਨ ਅਤੇ ਪੁੱਤਰ ਵਿਚ ਵੀ:

1. *ਉਹ ਅਨਾਦੀ ਹੈ:* (1) ਪਵਿੱਤਰ ਆਤਮਾ-''ਤਾਂ ਕਿੰਨਾ ਹੀ ਵਧੀਕ ਮਸੀਹ ਦਾ ਲਹੂ ਜਿਹਨੇ ਸਦੀਪਕ ਆਤਮਾ ਦੇ ਰਾਹੀਂ ਆਪਣੇ ਆਪ ਨੂੰ ਦੋਸ਼ ਰਹਿਤ ਪ੍ਰਮੇਸ਼ਵਰ ਦੇ ਅੱਗੇ ਚੜ੍ਹਾਇਆ ਤੁਹਾਡੇ ਅੰਤਹਕਰਨ ਨੂੰ ਮੁਰਦਾ ਕੰਮਾਂ ਤੋਂ ਸ਼ੁੱਧ ਕਰੇਗਾ ਭਈ ਤੁਸੀਂ ਜੀਉਂਦੇ ਪ੍ਰਮੇਸ਼ਵਰ ਦੀ ਉਪਾਸਨਾ ਕਰੋ'' (ਇਬਰਾਨੀਆਂ 9:14); (2) ਪਿਤਾ-''ਤੇਰੀ ਰਾਜ ਗੱਦੀ ਆਦਿ ਤੋਂ ਕਾਇਮ ਹੈ, ਅਨਾਦੀ ਕਾਲ ਤੋਂ ਤੂੰ ਹੀ ਹੈਂ'' (ਜ਼ਬੂਰ 93:2); (3) ਯਿਸੂ-''ਯਿਸੂ ਮਸੀਹ ਕੱਲ੍ਹ ਅਤੇ ਅੱਜ ਅਤੇ ਯੁੱਗ-ਯੁੱਗ ਇੱਕੋ ਜਿਹਾ ਹੈ'' (ਇਬਰਾਨੀਆਂ 13:8); ''ਕਿਉਂ ਜੋ ਇਸੇ ਪ੍ਰਕਾਰ ਤੁਹਾਨੂੰ ਸਾਡੇ ਪ੍ਰਭੂ ਅਤੇ ਮੁਕਤੀ ਦਾਤਾ ਯਿਸੂ ਮਸੀਹ ਦੇ ਸਦੀਪਕ ਰਾਜ ਵਿਚ ਵੱਡੀ ਖੁੱਲ੍ਹ ਨਾਲ ਪ੍ਰਵੇਸ਼ ਕਰਨਾ ਮਿਲੇਗਾ'' (2 ਪਤਰਸ 1:11) ਬਾਈਬਲ ਦੇ ਇਹ ਹਵਾਲੇ ਇਨ੍ਹਾਂ ਦੇ ਅਨਾਦੀ ਸੁਭਾਅ ਬਾਰੇ ਦੱਸਦੇ ਹਨ।

2. *ਉਹ ਸਭ ਕੁਝ ਜਾਣਦਾ ਹੈ:* ਬਾਈਬਲ ਵਿਚ (1) ਪਵਿੱਤਰ ਆਤਮਾ-''ਉਨ੍ਹਾਂ ਨੂੰ ਪ੍ਰਮੇਸ਼ਵਰ ਨੇ ਆਤਮਾ ਦੇ ਦੁਆਰਾ ਸਾਡੇ ਉੱਤੇ ਪਰਗਟ ਕੀਤਾ ਕਿਉਂ ਜੋ ਆਤਮਾ ਸਾਰੀਆਂ ਵਸਤਾਂ ਦੀ ਸਗੋਂ ਪ੍ਰਮੇਸ਼ਵਰ ਦੀਆਂ ਡੂੰਘੀਆਂ ਵਸਤਾਂ ਦੀ ਜਾਂਚ ਕਰ ਲੈਂਦਾ ਹੈ'' (1 ਕੁਰਿੰਥੀਆਂ

2:10); (2) ਪਿਤਾ-''ਅਤੇ ਸ੍ਰਿਸ਼ਟੀ ਦੀ ਕੋਈ ਵਸਤੂ ਉਸ ਤੋਂ ਲੁਕੀ ਹੋਈ ਨਹੀਂ, ਪਰ ਜਿਹ ਨੂੰ ਅਸਾਂ ਲੇਖਾ ਦੇਣਾ ਹੈ ਉਹ ਦੇ ਨੇਤਰਾਂ ਦੇ ਅੱਗੇ ਸਾਰੀਆਂ ਵਸਤਾਂ ਨੰਗੀਆਂ ਅਤੇ ਖੁੱਲ੍ਹੀਆਂ ਪਈਆਂ ਹਨ'' (ਇਬਰਾਨੀਆਂ 4:13); ਅਤੇ (3) ਯਿਸੂ-''ਪਰ ਯਿਸੂ ਨੇ ਆਪ ਨੂੰ ਉਨ੍ਹਾਂ ਦੇ ਹੱਥ ਵਿਚ ਨਾ ਸੌਂਪਿਆ ਇਸ ਲਈ ਜੋ ਉਹ ਸਭਨਾਂ ਨੂੰ ਜਾਣਦਾ ਸੀ। ਅਤੇ ਉਹ ਨੂੰ ਇਹ ਲੋੜ ਨਹੀਂ ਸੀ ਕਿ ਮਨੁੱਖ ਦੇ ਵਿਖੇ ਕੋਈ ਸਾਖੀ ਦੇਵੇ ਕਿਉਂਕਿ ਉਹ ਆਪੇ ਜਾਣਦਾ ਸੀ ਭਈ ਮਨੁੱਖ ਦੇ ਅੰਦਰ ਕੀ ਹੈ'' (ਯੂਹੰਨਾ 2:24, 25) ਦੇ ਸਬੰਧ ਵਿਚ ਦੱਸ ਦਿੱਤਾ ਗਿਆ ਹੈ।

3. *ਉਹ ਸਰਵ ਸ਼ਕਤੀਮਾਨ ਹੈ: ਬਾਈਬਲ ਦੀਆਂ ਬਹੁਤ ਸਾਰੀਆਂ ਆਇਤਾਂ:* (1) ਪਵਿੱਤਰ ਆਤਮਾ-''ਪਵਿੱਤਰ ਆਤਮਾ ਤੇਰੇ ਉੱਪਰ ਆਵੇਗਾ ਅਰ ਅੱਤ ਮਹਾਨ ਦੀ ਕੁਦਰਤ ਤੇਰੇ ਉੱਤੇ ਛਾਇਆ ਕਰੇਗੀ, ਇਸ ਕਰਕੇ ਜਿਹੜਾ ਜੰਮੇਗਾ ਉਹ ਪਵਿੱਤਰ ਅਤੇ ਪ੍ਰਮੇਸ਼ਵਰ ਦਾ ਪੁੱਤਰ ਕਹਾਵੇਗਾ'' (ਲੂਕਾ 1:35); ''ਯਿਸੂ ਆਤਮਾ ਦੀ ਸ਼ਕਤੀ ਵਿਚ ਗਲੀਲ ਨੂੰ ਮੁੜਿਆ'' (ਲੂਕਾ 4:14); ''ਪਰ ਜਾਂ ਪਵਿੱਤਰ ਆਤਮਾ ਤੁਹਾਡੇ ਉੱਤੇ ਆਵੇਗਾ ਤਾਂ ਤੁਸੀਂ ਸ਼ਕਤੀ ਪਾਓਗੇ'' (ਰਸੂਲਾਂ ਦੇ ਕੰਮ 1:8); (2) ਪ੍ਰਮੇਸ਼ਵਰ-''ਕਿਉਂਕਿ ਕੋਈ ਵਚਨ ਪ੍ਰਮੇਸ਼ਵਰ ਦੀ ਵੱਲੋਂ ਸ਼ਕਤੀਹੀਣ ਨਾ ਹੋਵੇਗਾ'' (ਲੂਕਾ 1:37) ਅਤੇ (3) ਯਿਸੂ-''... ਅਕਾਸ਼ ਅਤੇ ਧਰਤੀ ਦਾ ਸਾਰਾ ਇਖ਼ਤਿਆਰ ਮੈਨੂੰ ਦਿੱਤਾ ਗਿਆ ਹੈ'' (ਮੱਤੀ 28:18) ਦੀ ਸ਼ਕਤੀ ਬਾਰੇ ਦੱਸਦੀਆਂ ਹਨ।

4. *ਉਹ ਹਰ ਥਾਂ ਹੈ:* (1) ਪਵਿੱਤਰ ਆਤਮਾ-''ਮੈਂ ਤੇਰੇ ਆਤਮਾ ਤੋਂ ਕਿੱਧਰ ਜਾਵਾਂ?'' (ਜ਼ਬੂਰ 139:7); (2) ਪਿਤਾ-''ਭਲਾ, ਪ੍ਰਮੇਸ਼ਵਰ ਸੱਚਮੁੱਚ ਧਰਤੀ ਉੱਤੇ ਵਾਸ ਕਰੇਗਾ? ਵੇਖ, ਸਵਰਗ ਸਗੋਂ ਸਵਰਗਾਂ ਦੇ ਸਵਰਗ ਤੈਨੂੰ ਨਹੀਂ ਸੰਭਾਲ ਸਕੇ'' (1 ਰਾਜਿਆਂ 8:27); ''ਕੀ ਕੋਈ ਮਨੁੱਖ ਆਪਣੇ ਆਪ ਨੂੰ ਪੜ੍ਹਦੇ ਵਿਚ ਲੁਕਾ ਲਵੇਗਾ ਕਿ ਮੈਂ ਉਹਨੂੰ ਨਾ ਵੇਖਾਂ? ਯਹੋਵਾਹ ਦਾ ਵਾਕ ਹੈ ਕੀ ਅਕਾਸ਼ ਅਤੇ ਧਰਤੀ ਮੇਰੇ ਨਾਲ ਨਹੀਂ ਭਰੇ ਹੋਏ?'' (ਯਿਰਮਿਯਾਹ 23:24) ਅਤੇ (3) ਯਿਸੂ-''ਮੈਂ ਯੁੱਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ'' (ਮੱਤੀ 28:20) ਵਿਚ ਹਰ ਥਾਂ ਹੋਣ ਦੀ ਸਮਰੱਥਾ ਹੈ।

5. *ਉਸ ਵਿਚ ਸਿਰਜਣ ਦੀ ਸ਼ਕਤੀ ਹੈ:* ਬਾਈਬਲ ਦੇ ਇਹ ਹਵਾਲੇ ਖ਼ੁਦਾਈ ਦੇ ਹਰੇਕ ਜੀਅ ਨੂੰ ਰਚਣਹਾਰੇ ਦੇ ਰੂਪ ਵਿਚ ਚਿੱਤਰਤ ਕਰਦੇ ਹਨ: (1) ਪਵਿੱਤਰ ਆਤਮਾ-''ਪ੍ਰਮੇਸ਼ਵਰ ਦਾ ਆਤਮਾ ਪਾਣੀਆਂ ਦੇ ਉੱਤੇ ਸੇਉਂਦਾ ਸੀ'' (ਉਤਪਤ 1:2); (2) ''ਉਸ ਨੇ ਧਰਤੀ ਨੂੰ ਆਪਣੀ ਸ਼ਕਤੀ ਨਾਲ ਬਣਾਇਆ, ਆਪਣੀ ਬੁੱਧ ਨਾਲ ਜਗਤ ਨੂੰ ਕਾਇਮ ਕੀਤਾ ਅਤੇ ਆਪਣੀ ਸਮਝ ਨਾਲ ਅਕਾਸ਼ ਨੂੰ ਤਾਣਿਆ'' (ਯਿਰਮਿਯਾਹ 51:15); ਅਤੇ (3) ਪੁੱਤਰ-''ਕਿਉਂ ਜੋ ਅਕਾਸ਼ ਅਤੇ ਧਰਤੀ ਉਤਲੀਆਂ ਸਾਰੀਆਂ ਵਸਤਾਂ ਓਸੇ ਤੋਂ ਉਤਪਨ ਹੋਈਆਂ, ਨਾਲੇ ਦਿਸਣ ਵਾਲੀਆਂ, ਨਾਲੇ ਨਾ ਦਿਸਣ ਵਾਲੀਆਂ, ਕੀ ਸਿੰਘਾਸਣ, ਕੀ ਰਿਆਸਤਾਂ, ਕੀ ਹਕੂਮਤਾਂ, ਕੀ ਇਖ਼ਤਿਆਰ, ਸੱਭੋ ਕੁਝ ਉਸ ਦੇ ਰਾਹੀਂ ਅਤੇ ਓਸੇ ਦੇ ਲਈ ਉਤਪਨ ਹੋਇਆ ਹੈ'' (ਕੁਲੁੱਸੀਆਂ 1:16)।

## ਸਾਰ

ਪਵਿੱਤਰ ਆਤਮਾ ਦਾ ਵਰਣਨ ਉਨ੍ਹਾਂ ਹੀ ਸ਼ਬਦਾਂ ਵਿਚ ਕੀਤਾ ਗਿਆ ਹੈ ਜੋ ਪ੍ਰਮੇਸ਼ਵਰ ਲਈ ਹੀ ਵਰਤੇ ਜਾ ਸਕਦੇ ਹਨ। ਇਨ੍ਹਾਂ ਸ਼ਬਦਾਂ ਤੋਂ ਅਸੀਂ ਨਿਚੋੜ ਕੱਢ ਸਕਦੇ ਹਾਂ ਕਿ ਪਵਿੱਤਰ ਆਤਮਾ, ਪਿਤਾ ਅਤੇ ਪੁੱਤਰ ਦੇ ਨਾਲ ਹੀ ਖ਼ੁਦਾਈ ਸੁਭਾਅ ਵਿਚ ਸਾਂਝੀ ਹੈ ਅਤੇ ਪਿਤਾ ਅਤੇ ਪੁੱਤਰ ਦੇ ਨਾਲ ਇਕ ਹੈ; ਪਰ ਇਹ ਕਿ ਉਸ ਦੀ ਆਪਣੀ ਇਕ ਵੱਖਰੀ ਸ਼ਖ਼ਸੀਅਤ ਹੈ। ਉਹ

ਬਾਈਬਲ ਦਾ ਇਕ ਅਹਿਮ ਅਤੇ ਮੁੱਖ ਵਿਅਕਤੀ ਹੈ।

## ਅਧਿਐਨ ਲਈ ਪ੍ਰਸ਼ਨ

*(ਇਸ ਦੇ ਉੱਤਰ ਅੰਤਿਕਾ 1 ਵਿਚ ਦਿੱਤੇ ਗਏ ਹਨ)*

1. ਸਮਝਾਓ ਕਿ ਸਵਾਲ ''ਪਵਿੱਤਰ ਆਤਮਾ ਕੀ ਹੈ?'' ਦੀ ਬਜਾਏ ''ਪਵਿੱਤਰ ਆਤਮਾ ਕੌਣ ਹੈ?'' ਕਿਉਂ ਹੋਣਾ ਚਾਹੀਦਾ ਹੈ।
2. ਉਹ ਪੰਜ ਗੁਣ ਕਿਹੜੇ ਹਨ ਜਿਨ੍ਹਾਂ ਤੋਂ ਸੰਕੇਤ ਮਿਲਦਾ ਹੈ ਕਿ ਪਵਿੱਤਰ ਆਤਮਾ ਇਕ ਜੀਉਂਦਾ ''ਵਿਅਕਤੀ'' ਹੈ?
3. ਇਹ ਤੱਥ ਕਿ ਪਵਿੱਤਰ ਆਤਮਾ ਨਾਲ ਬੁਰਾ ਸਲੂਕ ਹੋ ਸਕਦਾ ਹੈ, ਕਿਵੇਂ ਪਤਾ ਦਿੰਦਾ ਹੈ ਕਿ ਉਹ ਇਕ ਵਿਅਕਤੀ ਹੈ?
4. ਪਵਿੱਤਰ ਆਤਮਾ ਵਿਚ ਉਹ ਕਿਹੜੇ ਗੁਣ ਹਨ ਜਿਹੜੇ ਪਿਤਾ ਅਤੇ ਪੁੱਤਰ ਵਿਚ ਵੀ ਹਨ?

## ਸ਼ਬਦਾਂ ਦੇ ਅਰਥ

**ਸਹਿਜ-ਗੁਣ**-ਖੂਬੀਆਂ ਜਾਂ ਖਾਸ ਗੁਣ। ਰੋਮੀਆਂ 1:20 ਆਖਦਾ ਹੈ, ''ਕਿਉਂਕਿ ਜਗਤ ਦੇ ਉਤਪਨ ਹੋਣ ਤੋਂ ਉਹਦਾ ਅਣਡਿੱਠ ਸੁਭਾਅ ਅਰਥਾਤ ਉਹਦੀ ਅਨਾਦੀ ਸਮਰੱਥਾ ਅਤੇ ਈਸ਼ਵਰਤਾਈ ਉਹਦੀ ਰਚਨਾ ਤੋਂ ਚੰਗੀ ਤਰ੍ਹਾਂ ਦਿਸ ਪੈਂਦੀ ਹੈ। ਇਸ ਕਰਕੇ ਉਨ੍ਹਾਂ ਦੇ ਲਈ ਕੋਈ ਉਜਰ ਨਹੀਂ।''

**ਚਮਤਕਾਰੀ ਦਾਨ**-ਪ੍ਰਮੇਸ਼ਵਰ ਵੱਲੋਂ ਦਿੱਤੀਆਂ ਗਈਆਂ ਖ਼ਾਸ ਯੋਗਤਾਵਾਂ-ਜਿਵੇਂ ਹੋਰ ਹੋਰ ਭਾਸ਼ਾਂਵਾਂ ਬੋਲਣਾ, ਚੰਗਾਈ ਅਤੇ ਭਵਿੱਖਬਾਣੀ ਜੋ ਨਵੇਂ ਨੇਮ ਦੇ ਲਿਖੇ ਜਾਣ ਦੇ ਪੂਰਾ ਹੋਣ ਤੋਂ ਪਹਿਲਾਂ ਕਲੀਸੀਆ ਨੂੰ ਦਿੱਤੀ ਗਈ ਸੀ। ਇਨ੍ਹਾਂ ਦਾਨਾਂ ਦੀ ਹੁਣ ਲੋੜ ਨਹੀਂ ਹੈ ਜਾਂ ਉਹ ਹੁਣ ਨਹੀਂ ਮਿਲਦੇ। (ਵੇਖੋ ਅਫ਼ਸੀਆਂ 4:5; ਮੱਤੀ 28:18-20.)

## ਅੱਜ ਮਸੀਹੀ ਲੋਕਾਂ ਵਿਚ ਪਵਿੱਤਰ ਆਤਮਾ ਦਾ ਕੰਮ

1. ਉਹ ਸਾਨੂੰ ਪਾਪ ਅਤੇ ਮੌਤ ਦੀ ਸ਼ਰ੍ਹਾ ਤੋਂ ਛੁਡਾਉਂਦਾ ਹੈ (ਰੋਮੀਆਂ 8:2-8)।
2. ਉਹ ਸਾਨੂੰ ਜਿਵਾਏਗਾ (ਰੋਮੀਆਂ 8:11)।
3. ਉਹ ਸਾਡੀਆਂ ਦੁਆਵਾਂ ਵਿਚ ਮਦਦ ਕਰਦਾ ਹੈ (ਰੋਮੀਆਂ 8:26; ਅਫ਼ਸੀਆਂ 6:18)।
4. ਉਹ ਸਾਡੀ ਸਿਫ਼ਾਰਸ਼ ਕਰਦਾ ਹੈ (ਰੋਮੀਆਂ 8:26, 27)।
5. ਉਹ ਸਾਡੀ ਅਗਵਾਈ ਕਰਦਾ ਹੈ (ਰੋਮੀਆਂ 8:14)।
6. ਉਹ ਛੁਟਕਾਰੇ ਦੇ ਦਿਨ ਲਈ ਸਾਡੇ ਤੇ ਮੋਹਰ ਲਗਾਉਂਦਾ ਹੈ (2 ਕੁਰਿੰਥੀਆਂ 1:22; ਅਫ਼ਸੀਆਂ 1:13, 14; 4:30)।
7. ਉਹਦੀ ਸੰਗਤ ਸਾਡੇ ਨਾਲ ਹੈ (2 ਕੁਰਿੰਥੀਆਂ 13:14)।
8. ਉਹ ਸਾਨੂੰ ਪਿਤਾ ਤਕ ਪਹੁੰਚਾਉਂਦਾ ਹੈ (ਅਫ਼ਸੀਆਂ 2:18)।
9. ਉਹ ਸਾਡੇ ਅੰਦਰਲੇ ਮਨੁੱਖ ਨੂੰ ਮਜ਼ਬੂਤ ਕਰਦਾ ਹੈ (ਅਫ਼ਸੀਆਂ 3:16)।
10. ਉਹ ਏਕਤਾ ਲਿਆਉਂਦਾ ਹੈ (ਅਫ਼ਸੀਆਂ 4:3)।
11. ਉਹ ਸਾਨੂੰ ਪਵਿੱਤਰ ਕਰਦਾ ਹੈ (2 ਥੱਸਲੁਨੀਕੀਆਂ 2:13)।